UCL Great Ormond Street Institute of Child Health
Population, Policy and Practice Research and Teaching Dept.

# ਪਿਕਨਿਕ (PICNIC) ਅਧਿਐਨ

ਪਿਕਨਿਕ (PICNIC), ਹਵਾ ਦੇ ਪ੍ਰਦੂਸ਼ਣ, ਰਿਹਾਇਸ਼ ਅਤੇ ਬੱਚਿਆਂ ਵਿਚ ਸਾਹ ਪ੍ਰਣਾਲੀ ਦੀਆਂ ਲਾਗਾਂ ਨਾਲ ਸਬੰਧਤ ਹੈ: ਨੈਸ਼ਨਲ ਜਨਮ ਸਾਥੀ ਅਧਿਐਨ।

## ਅਧਿਐਨ ਦਾ ਸਾਰ

### ਇਹ ਖੋਜ ਅਧਿਐਨ ਕਿਸ ਬਾਰੇ ਹੈ?

ਅਸੀਂ ਇਸ ਗੱਲ ਦੀ ਜਾਂਚ ਕਰਾਂਗੇ ਕਿ ਗਰਭ ਅਵਸਥਾ ਦੌਰਾਨ ਅਤੇ ਜੀਵਨ ਦੇ ਪਹਿਲੇ ਪੰਜ ਸਾਲ ਹਵਾ ਦੇ ਪ੍ਰਦੂਸ਼ਣ ਅਤੇ ਮਾੜੀਆਂ ਰਿਹਾਇਸ਼ੀ ਹਾਲਤਾਂ (ਜਿਵੇਂ ਕਿ ਵਾਧੂ ਭੀੜ ਅਤੇ ਨਮੀ/ਸਲ੍ਹਾਬ) ਦੇ ਸੰਪਰਕ ਵਿਚ ਆਉਣਾ ਕਿਸ ਹੱਦ ਤੱਕ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਸਾਹ ਨਲੀ ਦੀਆਂ ਲਾਗਾਂ (ਆਰ ਟੀ ਆਈਜ਼) (respiratory tract infections, RTIs) ਕਾਰਨ ਹਸਪਤਾਲ ਵਿਚ ਦਾਖਲੇ ਲਈ  ਯੋਗਦਾਨ ਪਾਉਂਦਾ ਹੈ।

### ਅਸੀਂ ਇਸ ਖੋਜ ਨੂੰ ਕਿਉਂ ਕਰ ਰਹੇ ਹਾਂ?

ਬਰਾਨਕਿਆਲਿਟੀਸ, ਨਮੂਨੀਆ ਅਤੇ ਗਲਾ ਖਰਾਬ ਹੋਣਾ ਸਮੇਤ ਆਰ ਟੀ ਆਈਜ਼ (RTIs), ਯੂ ਕੇ (UK) ਵਿਚ ਛੋਟੇ ਬੱਚਿਆਂ ਦੇ ਹਸਪਤਾਲ ਵਿਚ ਦਾਖਲੇ ਦਾ ਸਭ ਤੋਂ ਆਮ ਕਾਰਨ ਹਨ। ਇਹ ਦਾਖਲੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਲਈ  ਤਣਾਅਪੂਰਨ ਹੁੰਦੇ ਹਨ ਅਤੇ ਨੈਸ਼ਨਲ ਹੈਲਥ ਸਰਵਿਸ (ਐਨ ਐਚ ਐਸ) (National Health Service, NHS) ਲਈ  ਖਰਚੀਲੇ ਹੁੰਦੇ ਹਨ। ਸ਼ੁਰੂਆਤੀ ਸਾਲਾਂ ਵਿਚ ਆਰ ਟੀ ਆਈ (RTI) ਦੇ ਨਾਲ ਹਸਪਤਾਲ ਵਿਚ ਦਾਖਲ ਹੋਣਾ, ਬਾਅਦ ਦੇ ਬਚਪਨ ਵਿਚ ਸਾਹ ਪ੍ਰਣਾਲੀ ਦੀਆਂ ਚਿਰਕਾਲੀਨ ਸਮੱਸਿਆਵਾਂ ਜਿਵੇਂ ਕਿ ਦਮਾ ਦੇ ਵਿਕਾਸ ਨਾਲ ਵੀ ਸਬੰਧਤ ਹੁੰਦਾ ਹੈ। ਪਹਿਲਾਂ ਹੋਈ ਖੋਜ ਨੇ ਇਹ ਪਤਾ ਲਗਾਇਆ ਹੈ ਕਿ ਮਾੜੇ ਪਿਛੋਕੜਾਂ ਵਾਲੇ ਬੱਚਿਆਂ ਦੇ ਆਰ ਟੀ ਆਈ (RTI) ਦੇ ਸਬੰਧ ਵਿਚ ਹਸਪਤਾਲ ਵਿਚ ਦਾਖਲ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਹ ਸਪਸ਼ਟ  ਨਹੀਂ ਹੈ ਕਿ ਬੱਚੇ ਦੀ ਰਿਹਾਇਸ਼ ਸਬੰਧੀ ਹਾਲਤਾਂ ਦੇ ਕਿਹੜੇ ਪੱਖ ਹਸਪਤਾਲਾਂ ਵਿਚ ਆਰ ਟੀ ਆਈ (RTI) ਸਬੰਧੀ ਦਾਖਲਿਆਂ ਵਿਚ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ। ਇਸ ਅਧਿਐਨ ਵਿਚ ਅਸੀਂ ਇਹ ਨਿਰੀਖਣ ਕਰਾਂਗੇ ਕਿ ਕੀ ਕੁੱਖ ਵਿਚ ਜਾਂ ਬਚਪਨ  ਦੀ ਸ਼ੁਰੂਆਤ ਵਿਚ ਹਵਾ ਦੇ ਪ੍ਰਦੂਸ਼ਣ ਨਾਲ ਸੰਪਰਕ, ਅਤੇ ਮਾੜੇ ਰਿਹਾਇਸ਼ੀ ਹਾਲਾਤ ਇਕ ਬੱਚੇ ਦੇ ਆਰ ਟੀ ਆਈ (RTI) ਦੇ ਨਾਲ ਹਸਪਤਾਲ ਵਿਚ ਦਾਖਲ ਹੋਣ ਦੇ ਜ਼ੋਖਮ ਨਾਲ ਸਬੰਧਤ ਹਨ। ਅਸੀਂ ਇਹ ਵੀ ਦੇਖਾਂਗੇ ਕਿ ਜੇ ਅਸੀਂ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਂਦੇ ਹਾਂ ਅਤੇ/ਜਾਂ ਛੋਟੇ ਬੱਚਿਆਂ ਵਾਲੇ ਪਰਿਵਾਰਾਂ ਲਈ  ਰਿਹਾਇਸ਼ ਹਾਲਤਾਂ ਵਿਚ ਸੁਧਾਰ ਕਰਦੇ ਹਾਂ ਤਾਂ ਯੂ ਕੇ (UK) ਵਿਚ ਆਰ ਟੀ ਆਈ (RTI) ਦੇ ਕਿੰਨੇ ਦਾਖਲੇ ਰੋਕੇ ਜਾ ਸਕਦੇ ਹਨ।

## ਅਸੀਂ ਇਹ ਕਿਵੇਂ ਕਰਨ ਜਾ ਰਹੇ ਹਾਂ?

ਅਸੀਂ ਜਨਮ ਪ੍ਰਮਾਣ ਪੱਤਰਾਂ ਤੋਂ ਇਕੱਤਰ ਕੀਤਾ ਗਿਆ ਡਾਟਾ ਜੋ ਕਿ ਪ੍ਰਸੂਤਾ ਰਿਕਾਰਡਾਂ ਨਾਲ ਜੁੜਿਆ ਹੋਇਆ ਹੈ ਅਤੇ ਇੰਗਲੈਂਡ ਵਿਚ 2005 ਅਤੇ 2014 ਦੇ ਵਿਚਕਾਰ, ਅਤੇ ਸਕਾਟਲੈਂਡ ਵਿਚ 1997 ਅਤੇ 2019 ਦੇ ਵਿਚਾਰ ਜਨਮੇ ਸਾਰੇ ਬੱਚਿਆਂ ਦੇ ਹਸਪਤਾਲ ਦੇ ਦਾਖਲਿਆਂ ਦੇ ਡਾਟਾ ਦੀ ਵਰਤੋਂ ਕਰਾਂਗੇ, ਤਕਰੀਬਨ ਕੁੱਲ 8 ਮਿਲੀਅਨ ਬੱਚੇ। ਅਸੀਂ ਇਸ ਜਾਣਕਾਰੀ ਨੂੰ ਹਵਾ ਦੇ ਪ੍ਰਦੂਸ਼ਣ ਨਾਲ ਸੰਪਰਕ, ਰਿਹਾਇਸ਼ ਸਬੰਧੀ ਵਿਸ਼ੇਸ਼ਤਾਵਾਂ, ਅਤੇ 2011 ਦੀ ਜਨਗਣਨਾ ਤੋਂ ਪ੍ਰਾਪਤ ਰਿਹਾਇਸ਼ ਅਤੇ ਸਮਾਜਕ-ਆਰਥਿਕ ਪਿਛੋਕੜ ਦੀ ਜਾਣਕਾਰੀ ਨਾਲ ਇਕੱਠਾ ਕਰਾਂਗੇ। ਅਸੀਂ ਉਨ੍ਹਾਂ ਸਾਂਖਿਅਕੀ ਤਰੀਕਿਆਂ ਦੀ ਵਰਤੋਂ ਕਰਾਂਗੇ ਜੋ ਸਾਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣ ਦੀ ਆਗਿਆ ਦਿੰਦੇ ਹਨ ਕਿ ਕੀ ਬੱਚਿਆਂ ਦੇ ਆਰ ਟੀ ਆਈ (RTI) ਲਈ ਹਸਪਤਾਲ ਵਿਚ ਦਾਖਲਿਆਂ ਲਈ ਹੋਰ ਕੋਈ ਅਪ੍ਰਤੱਖ ਜ਼ੋਖਮ ਕਾਰਕ ਹਨ ਜਿਵੇਂ ਕਿ ਚਿਰਕਾਲੀਨ ਸਿਹਤ ਸਮੱਸਿਆਵਾਂ। ਸਾਰੇ ਡਾਟਾ ਨੂੰ ਸਵੀਕ੍ਰਿਤੀ ਦਿੱਤੇ ਸੁਰੱਖਿਅਤ ਵਾਤਾਵਰਣਾਂ ਵਿਚ ਰੱਖਿਆ ਜਾਵੇਗਾ ਅਤੇ ਅਧਿਐਨ ਵਿਚ ਵਰਤੇ ਗਏ ਜਾਣਕਾਰੀ ਜੋੜਨ ਦੇ ਤਰੀਕੇ ਇਹ ਯਕੀਨੀ ਬਣਾਉਂਦੇ ਹਨ ਕਿ ਮਾਤਾਵਾਂ ਅਤੇ ਬੱਚਿਆਂ ਦੀਆਂ ਪਛਾਣਾਂ ਰੱਖਿਅਤ ਰਹਿੰਦੀਆਂ ਹਨ। ਉਹ ਵਿਅਕਤੀ ਜੋ ਡਾਟਾ ਨਾਲ ਕੰਮ ਕਰਨਗੇ, ਉਨ੍ਹਾਂ ਦੀ ਨਿੱਜੀ ਪਛਾਣ ਜ਼ਾਹਰ ਕਰਦੀ ਜਾਣਕਾਰੀ ਜਿਵੇਂ ਕਿ ਐਨ ਐਚ ਐਸ (NHS) ਦੇ ਨੰਬਰਾਂ, ਨਾਵਾਂ ਜਾਂ ਪਤਿਆਂ ਤੱਕ ਪਹੁੰਚ ਨਹੀਂ ਹੋਵੇਗੀ। ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਡਾਟਾ ਨੂੰ ਸਵੀਕ੍ਰਿਤੀ ਦਿੱਤੀ ਪ੍ਰਸੂਤਾ ਅਤੇ ਬੱਚਿਆਂ ਦੀ ਸਿਹਤ ਨਾਲ ਜੁੜੀ ਖੋਜ ਨੂੰ ਕਰਨ ਲਈ ਭਵਿੱਖ ਵਿਚ ਹੋਰ ਖੋਜਾਰਥੀਆਂ ਦੁਆਰਾ ਮੁੜ ਵਰਤਿਆ ਜਾ ਸਕਦਾ ਹੈ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ: p.hardelid@ucl.ac.uk